Punjabi

# ਮਰੀਜ਼ ਲਈ: ਕਲੋਰੈਮਬਿਓਸਿਲ

ਹੋਰ ਨਾਂ: ਲਿਊਕੇਰਨ

# For the Patient: Chlorambucil

Other names: LEUKERAN®

- Chlorambucil (ਕਲੋਰੈਮਬਿਓਸਿਲ) ਇੱਕ ਅਜਿਹੀ ਦਵਾਈ ਹੈ ਜਿਸ ਦਾ ਇਸਤੇਮਾਲ ਅਨੇਕ ਤਰ੍ਹਾਂ ਦੇ ਕੈਂਸਰ ਦੇ ਇਲਾਜ ਲਈ ਕੀਤਾ ਜਾਂਦਾ ਹੈ। ਇਹ ਮੂੰਹ ਰਾਹੀਂ ਖਾਧੀ ਜਾਣ ਵਾਲੀ ਗੋਲ਼ੀ ਹੁੰਦੀ ਹੈ।
  Chlorambucil (klor-AM-byoo-sil) is a drug that is used to treat many types of cancer. It is a tablet that you take by mouth.

- ਜੇ ਤੁਹਾਨੂੰ chlorambucil ਜਾਂ ਕਿਸੇ ਵੀ ਹੋਰ ਦਵਾਈ ਤੋਂ ਕਦੇ ਵੀ ਕੋਈ ਅਸਧਾਰਨ ਜਾਂ **ਐਲਰਜਿਕ ਰੀਐਕਸ਼ਨ** ਹੋਇਆ ਹੈ ਤਾਂ chlorambucil ਲੈਣ ਤੋਂ ਪਹਿਲਾਂ ਆਪਣੇ ਡਾਕਟਰ ਨੂੰ ਦੱਸੋ।
  Tell your doctor if you have ever had an unusual or **allergic reaction** to chlorambucil or any medications before taking chlorambucil.

- ਜੇ ਤੁਹਾਡਾ **ਦੌਰੇ ਪੈਣ** ਦਾ ਪਿਛੋਕੜ ਹੈ ਤਾਂ ਆਪਣੇ ਡਾਕਟਰ ਨੂੰ ਦੱਸੋ।
  Tell your doctor if you have a history of **seizures**.

- ਹਰੇਕ ਟ੍ਰੀਟਮੈਂਟ ਤੋਂ ਪਹਿਲਾਂ **ਖ਼ੂਨ ਦੀ ਜਾਂਚ** ਕੀਤੀ ਜਾ ਸਕਦੀ ਹੈ। ਟੈਸਟ ਦੇ ਨਤੀਜਿਆਂ ਅਤੇ/ਜਾਂ ਹੋਰਨਾ ਮਾੜੇ ਪ੍ਰਭਾਵਾਂ ਦੇ ਆਧਾਰ 'ਤੇ ਤੁਹਾਡੀ ਕੀਮੋਥੈਰੇਪੀ ਦੀ ਖ਼ੁਰਾਕ ਅਤੇ ਸਮਾਂ ਬਦਲਿਆ ਜਾ ਸਕਦਾ ਹੈ।
  A **blood test** may be taken before each treatment. The dose and timing of your chemotherapy may be changed based on the test results and/or other side effects.

- ਇਹ ਜ਼ਰੂਰੀ ਹੈ ਕਿ chlorambucil ਨੂੰ ਬਿਲਕੁਲ ਉਸੇ ਤਰ੍ਹਾਂ **ਲਿਆ** ਜਾਵੇ ਜਿਸ ਤਰ੍ਹਾਂ ਤੁਹਾਡੇ ਡਾਕਟਰ ਨੇ ਦੱਸਿਆ ਹੈ। ਯਕੀਨੀ ਬਣਾਓ ਕਿ ਤੁਸੀਂ ਨਿਰਦੇਸ਼ਾਂ ਨੂੰ ਸਮਝਦੇ ਹੋਵੋ।
  It is important to ***take*** chlorambucil exactly as directed by your doctor. Make sure you understand the directions.

- Chlorambucil ਨੂੰ ਹਰ ਰੋਜ਼ ਇੱਕੋ ਸਮੇਂ, ਪਾਣੀ ਦੇ ਪੂਰੇ ਗਲਾਸ ਨਾਲ, ਖ਼ਾਲੀ ਪੇਟ **ਲਵੋ**। Chlorambucil ਗੋਲੀਆਂ ਨੂੰ ਸਾਬਤ ਨਿਗਲ ਜਾਣਾ ਚਾਹੀਦਾ ਹੈ।
  **Take** chlorambucil on an empty stomach, with a full glass of water, at the same time each day. Chlorambucil tablets should be swallowed whole.

- ਰੋਜ਼ਾਨਾ ਇੱਕੋ ਸਮੇਂ ਲਈ ਜਾਣ ਵਾਲੀ ਖ਼ੁਰਾਕ ਲੈਣੀ ਜਾਰੀ ਰੱਖਣ ਲਈ: ਜੇ ਤੁਸੀਂ chlorambucil ਦੀ **ਖ਼ੁਰਾਕ ਲੈਣੀ ਭੁੱਲ ਜਾਂਦੇ ਹੋ** ਅਤੇ ਜੇ ਖੁੰਝੀ ਹੋਈ ਖ਼ੁਰਾਕ ਨੂੰ 12 ਘੰਟਿਆਂ ਤੋਂ ਘੱਟ ਸਮਾਂ ਹੋਇਆ ਹੈ ਤਾਂ ਜਿੰਨੀ ਜਲਦੀ ਹੋ ਸਕੇ ਖ਼ੁਰਾਕ ਲੈ ਲਵੋ। ਜੇ ਖੁੰਝੀ ਹੋਈ ਖ਼ੁਰਾਕ ਨੂੰ 12 ਘੰਟੇ ਤੋਂ ਵੱਧ ਸਮਾਂ ਹੋ ਚੁੱਕਾ ਹੈ ਤਾਂ ਉਸ ਖ਼ੁਰਾਕ ਨੂੰ ਛੱਡ ਦਿਓ ਅਤੇ ਦਵਾਈ ਦੀਆਂ ਖ਼ੁਰਾਕਾਂ ਆਪਣੇ ਆਮ ਸਮੇਂ ਮੁਤਾਬਕ ਲੈਣੀਆਂ ਜਾਰੀ ਰੱਖੋ। ਖੁੰਝੀ ਹੋਈ ਦਵਾਈ ਦੀ ਪੂਰਤੀ ਬਾਰੇ ਪਤਾ ਕਰਨ ਲਈ ਆਪਣੇ ਡਾਕਟਰ ਨੂੰ ਉਸ ਦੇ ਦਫ਼ਤਰੀ ਸਮੇਂ ਦੌਰਾਨ ਫ਼ੋਨ ਕਰੋ।
  For continuous once daily dosing: If you **miss a dose** of chlorambucil, take it as soon as you can if it is within 12 hours of the missed dose. If it is over 12 hours since your missed dose, skip the missed dose and go back to your usual dosing times. Call your doctor during office hours to ask about making up the missed dose.

- ਜੇ ਤੁਸੀਂ ਦਵਾਈ ਲੈਣ ਤੋਂ ਇੱਕਦਮ ਬਾਅਦ **ਉਲਟੀ** ਕਰ ਦਿੰਦੇ ਹੋ ਤਾਂ ਆਪਣੇ ਡਾਕਟਰ ਨੂੰ ਫ਼ੋਨ ਕਰੋ।
  If you **vomit** right after taking the medication, call your doctor.

- ਤੁਹਾਡੀ Chlorambucil ਦੀ ਖ਼ੁਰਾਕ 'ਤੇ ਨਿਰਭਰ ਕਰਦਿਆਂ, ਤੁਹਾਡਾ ਡਾਕਟਰ ਤੁਹਾਨੂੰ ਬਹੁਤ ਸਾਰੇ ਤਰਲ ਪਦਾਰਥ **ਪੀਣ** ਬਾਰੇ ਕਹਿ **ਸਕਦਾ** ਹੈ ਮਿਸਾਲ ਲਈ, ਇੱਕ ਦਿਨ ਵਿੱਚ 8-12 ਕੱਪ (2000-3000 ਮਿਲੀ ਲੀਟਰ ਜਾਂ 70-100 ਔਂਸ)। ਇਸ ਨਾਲ ਗੁਰਦਿਆਂ ਨਾਲ ਸੰਬੰਧਤ ਸਮੱਸਿਆਵਾਂ ਦੀ ਰੋਕਥਾਮ ਵਿੱਚ ਮਦਦ ਮਿਲਦੀ ਹੈ।
  Depending on your dose of chlorambucil, your doctor **may** tell you to **drink** plenty of liquids e.g., 8-12 cups (2000-3000 mL or 70-100 oz) a day. This helps prevent kidney problems.

- **ਸ਼ਰਾਬ ਪੀਣ ਦਾ** (ਥੋੜ੍ਹੀ ਮਾਤਰਾ ਵਿੱਚ) chlorambucil ਦੀ ਸੁਰੱਖਿਆ ਅਤੇ ਉਪਯੋਗਤਾ 'ਤੇ ਅਸਰ ਪੈਂਦਾ ਪ੍ਰਤੀਤ ਨਹੀਂ ਹੁੰਦਾ।
  The **drinking of alcohol** (in small amounts) does not appear to affect the safety or usefulness of chlorambucil.

- Chlorambucil ਪੁਰਸ਼ਾਂ ਵਿੱਚ **ਨਪੁੰਸਕਤਾ** ਅਤੇ ਔਰਤਾਂ ਵਿੱਚ **ਮੀਨੋਪਜ਼ (ਮਾਹਵਾਰੀ ਚੱਕਰਾਂ ਦੀ ਸਮਾਪਤੀ)** ਦਾ ਕਾਰਣ ਬਣ ਸਕਦੀ ਹੈ। ਜੇ ਤੁਸੀਂ ਬੱਚੇ ਪੈਦਾ ਕਰਨ ਦੀ ਯੋਜਨਾ ਬਣਾਉਂਦੇ ਹੋ, ਤਾਂ Chlorambucil ਨਾਲ ਇਲਾਜ ਕਰਵਾਉਣ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ-ਮਸ਼ਵਰਾ ਕਰੋ।
  Chlorambucil may cause **sterility** in men and **menopause** in women. If you plan to have children, discuss this with your doctor before being treated with chlorambucil.

- ਜੇ ਇਸ ਨੂੰ ਗਰਭ ਅਵਸਥਾ ਦੌਰਾਨ ਇਸਤੇਮਾਲ ਕੀਤਾ ਜਾਂਦਾ ਹੈ ਤਾਂ Chlorambucil ਵੀਰਜ ਅਤੇ ਬੱਚੇ ਨੂੰ ਨੁਕਸਾਨ ਪਹੁੰਚਾ ਸਕਦੀ ਹੈ। Chlorambucil ਨਾਲ ਇਲਾਜ ਕਰਵਾਉਣ ਸਮੇਂ **ਪਰਿਵਾਰ ਨਿਯੋਜਨ** ਦਾ ਇਸਤੇਮਾਲ ਬਿਹਤਰੀਨ ਹੁੰਦਾ ਹੈ। ਜੇ ਤੁਸੀਂ ਜਾਂ ਤੁਹਾਡੀ ਸਾਥਣ ਗਰਭ ਧਾਰਣ ਕਰ ਲੈਂਦੇ ਹੋ ਤਾਂ ਆਪਣੇ ਡਾਕਟਰ ਨੂੰ ਤੁਰੰਤ ਦੱਸੋ। ਇਲਾਜ ਦੌਰਾਨ ਬੱਚੇ ਨੂੰ ਆਪਣਾ ਦੁੱਧ ਨਾ ਚੁੰਘਾਓ।
  Chlorambucil may damage sperm and may harm the baby if used during pregnancy. It is best to use **birth control** while being treated with chlorambucil. Tell your doctor right away if you or your partner becomes pregnant. Do not breast feed during treatment.

- ਡਾਕਟਰਾਂ, ਦੰਦਾਂ ਦੇ ਡਾਕਟਰਾਂ ਜਾਂ ਹੋਰ ਸਿਹਤ ਪੇਸ਼ੇਵਰਾਂ ਤੋਂ ਕੋਈ ਵੀ ਇਲਾਜ ਕਰਵਾਉਣ ਤੋਂ ਪਹਿਲਾਂ ਉਨ੍ਹਾਂ ਨੂੰ **ਦੱਸੋ** ਕਿ ਤੁਹਾਡਾ chlorambucil ਨਾਲ ਇਲਾਜ ਹੋ ਰਿਹਾ ਹੈ।
  **Tell** doctors or dentists that you are being treated with chlorambucil before you receive any treatment from them.

- Chlorambucil ਗੋਲੀਆਂ ਨੂੰ ਤਾਪ, ਰੌਸ਼ਨੀ, ਅਤੇ ਨਮੀ ਤੋਂ ਦੂਰ, **ਫ਼ਰਿੱਜ ਵਿੱਚ**, ਬੱਚਿਆਂ ਦੀ ਪਹੁੰਚ ਤੋਂ ਦੂਰ **ਰੱਖੋ**।
  **Store** chlorambucil tablets out of the reach of children, **in the refrigerator**, away from heat, light, and moisture.

- Chlorambucil **ਆਮ ਤੌਰ 'ਤੇ ਚੰਗੀ ਤਰ੍ਹਾਂ ਬਰਦਾਸ਼ਤਯੋਗ** ਹੁੰਦੀ ਹੈ ਅਤੇ ਗੰਭੀਰ ਮਾੜੇ ਪ੍ਰਭਾਵ ਬਹੁਤ ਘੱਟ ਹੀ ਹੁੰਦੇ ਹਨ।
  Chlorambucil is **usually well tolerated** and serious side effects are rare.

ਖ਼ੂਨ ਦੇ ਕਣਾਂ ਦੀ ਗਿਣਤੀ (ਬਲੱਡ ਕਾਊਂਟਸ) ਵਿੱਚ ਤਬਦੀਲੀਆਂ
Changes in blood counts

Chlorambucil ਤੁਹਾਡੇ ਖ਼ੂਨ ਦੇ ਕਣਾਂ ਦੀ ਗਿਣਤੀ (ਬਲੱਡ ਕਾਊਂਟਸ) ਵਿੱਚ ਅਸਥਾਈ ਤਬਦੀਲੀਆਂ ਦਾ ਕਾਰਨ ਬਣ ਸਕਦੀ ਹੈ। ਤੁਹਾਡਾ ਡਾਕਟਰ ਖ਼ੂਨ ਦੇ ਟੈਸਟਾਂ ਰਾਹੀਂ ਧਿਆਨ ਨਾਲ ਇਨ੍ਹਾਂ ਤਬਦੀਲੀਆਂ ਦੀ ਪੈੜ ਰੱਖੇਗਾ। ਕੁਝ ਸਥਿਤੀਆਂ ਵਿੱਚ ਤੁਹਾਡੇ ਟ੍ਰੀਟਮੈਂਟ ਵਿੱਚ ਤਬਦੀਲੀਆਂ ਕਰਨ ਦੀ ਲੋੜ ਪੈ ਸਕਦੀ ਹੈ।
Chlorambucil may cause temporary changes in your blood counts. Your doctor will be following these changes carefully by performing blood tests. Adjustment of your treatment may be needed in certain circumstances.

| **ਖ਼ੂਨ ਦੇ ਕਣਾਂ ਦੀ ਗਿਣਤੀ**<br>**BLOOD COUNTS** | **ਪ੍ਰਬੰਧਨ**<br>**MANAGEMENT** |
|---|---|
| ਖ਼ੂਨ ਦੇ ਆਮ ਚਿੱਟੇ ਸੈੱਲ ਇਨਫ਼ੈਕਸ਼ਨ ਦਾ ਕਾਰਨ ਬਣਨ ਵਾਲੇ ਬੈਕਟੀਰੀਆ (ਰੋਗਾਣੂਆਂ) ਨਾਲ ਲੜ ਕੇ ਤੁਹਾਡੇ ਸਰੀਰ ਦੀ ਸੁਰੱਖਿਆ ਕਰਦੇ ਹਨ। **ਜਦੋਂ ਖ਼ੂਨ ਵਿੱਚ ਇਹ ਸੈੱਲ ਘੱਟ ਹੋ ਜਾਣ ਤਾਂ ਤੁਹਾਨੂੰ ਇਨਫ਼ੈਕਸ਼ਨ ਹੋਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ।**<br>Normal white blood cells protect your body by fighting bacteria (germs) that cause infection. **When they are low, you are at greater risk of having an infection**. | ਇਨਫ਼ੈਕਸ਼ਨ ਨੂੰ ਰੋਕਣ ਵਿੱਚ ਮਦਦ ਲਈ:<br>To help prevent infection:<br>• ਆਪਣੇ ਹੱਥਾਂ ਨੂੰ ਅਕਸਰ ਅਤੇ ਬਾਥਰੂਮ ਇਸਤੇਮਾਲ ਕਰਨ ਤੋਂ ਬਾਅਦ ਹਮੇਸ਼ਾ ਧੋਵੋ।<br>Wash your hands often and always after using the bathroom.<br>• ਭੀੜ ਅਤੇ ਬਿਮਾਰ ਲੋਕਾਂ ਤੋਂ ਦੂਰ ਰਹੋ।<br>Avoid crowds and people who are sick.<br>• ਇਨਫ਼ੈਕਸ਼ਨ ਦੇ ਪਹਿਲੇ ਸੰਕੇਤ ਜਿਵੇਂ ਕਿ ਬੁਖ਼ਾਰ (ਮੂੰਹ ਵਾਲੇ ਥਰਮਾਮੀਟਰ ਨਾਲ 100°F ਜਾਂ 38°C ਤੋਂ ਵੱਧ), ਠੰਢ ਲੱਗਣ, ਖੰਘ, ਜਾਂ ਪਿਸ਼ਾਬ ਕਰਨ ਵੇਲੇ ਜਲਨ ਹੋਣ 'ਤੇ ਆਪਣੇ ਡਾਕਟਰ ਨੂੰ ***ਤੁਰੰਤ*** ਕਾਲ ਕਰੋ।<br>Call your doctor ***immediately*** at the first sign of an infection such as fever (over 100°F or 38°C by an oral thermometer), chills, cough, or burning when you pass urine.<br>• ਇਨਫਲੂਏਨਜ਼ਾ (ਫ਼ਲੂ ਦਾ ਟੀਕਾ) ਅਤੇ ਨਿਮੋਨੀਆ ਦਾ ਟੀਕਾ ਲਗਾਉਣ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ।<br>Talk to your doctor about getting the Influenza (Flu shot) and Pneumonia vaccine. |

| ਖ਼ੂਨ ਦੇ ਕਣਾਂ ਦੀ ਗਿਣਤੀ<br>**BLOOD COUNTS** | ਪ੍ਰਬੰਧਨ<br>**MANAGEMENT** |
|---|---|
| ਆਮ ਪਲੇਟਲੈਟਸ (ਰੰਗਹੀਣ ਰਕਤਾਣੂ) ਕਿਸੇ ਜ਼ਖ਼ਮ (ਮਿਸਾਲ ਲਈ ਕੱਟ ਲੱਗਣਾ) ਤੋਂ ਬਾਅਦ ਸਧਾਰਣ ਰੂਪ ਵਿੱਚ ਖ਼ੂਨ ਦਾ ਗਤਲਾ ਬਣਾਉਣ ਵਿੱਚ ਸਹਾਈ ਹੁੰਦੇ ਹਨ। **ਜਦੋਂ ਪਲੇਟਲੈਟ ਘਟਦੇ ਹਨ ਤਾਂ ਤੁਹਾਨੂੰ ਰਗੜਾਂ ਲੱਗਣ ਜਾਂ ਤੁਹਾਡਾ ਖ਼ੂਨ ਵਹਿਣ ਦੀ ਵੱਧ ਸੰਭਾਵਨਾ ਹੁੰਦੀ ਹੈ।**<br>Normal platelets help your blood to clot normally after an injury (e.g., cut). **When the platelet count is low you may be more likely to bruise or bleed.** | ਖ਼ੂਨ ਵਹਿਣ ਦੀਆਂ ਸਮੱਸਿਆਵਾਂ ਦੀ ਰੋਕਥਾਮ ਵਿੱਚ ਮਦਦ ਲਈ:<br>To help prevent bleeding problems:<br>• ਆਪਣੇ ਆਪ ਨੂੰ ਰਗੜਾਂ, ਕੱਟ ਲੱਗਣ ਅਤੇ ਸੜਨ ਕਾਰਣ ਹੋਣ ਵਾਲੇ ਜ਼ਖ਼ਮਾਂ ਤੋਂ ਬਚਾਉਣ ਦੀ ਕੋਸ਼ਿਸ਼ ਕਰੋ।<br>Try not to bruise, cut, or burn yourself.<br>• ਅਰਾਮ ਨਾਲ ਸੁਣਕ ਕੇ ਨੱਕ ਸਾਫ਼ ਕਰੋ। ਆਪਣੇ ਨੱਕ ਵਿੱਚ ਉਂਗਲੀ ਨਾ ਪਾਓ।<br>Clean your nose by blowing gently. Do not pick your nose.<br>• ਕਬਜ਼ ਤੋਂ ਬਚੋ।<br>Avoid constipation.<br>• ਨਰਮ ਟੁੱਥ-ਬਰੁਸ਼ ਨਾਲ ਆਪਣੇ ਦੰਦਾਂ ’ਤੇ ਹੌਲੀ-ਹੌਲੀ ਬੁਰਸ਼ ਕਰੋ ਕਿਉਂਕਿ ਤੁਹਾਡੇ ਮਸੂੜਿਆਂ ਵਿੱਚੋਂ ਅਸਾਨੀ ਨਾਲ ਖ਼ੂਨ ਵਹਿ ਸਕਦਾ ਹੈ। ਮੂੰਹ ਦੀ ਚੰਗੀ ਤਰ੍ਹਾਂ ਸਫ਼ਾਈ ਬਰਕਰਾਰ ਰੱਖੋ।<br>Brush your teeth gently with a soft toothbrush as your gums may bleed more easily. Maintain good oral hygiene.<br>ਕੁਝ ਦਵਾਈਆਂ ਜਿਵੇਂ ਕਿ ASA (ਮਿਸਾਲ ਲਈ ASPIRIN® (ਐਸਪਰੀਨ)) ਜਾਂ ibuprofen (ਇਬੂਪ੍ਰੋਫ਼ੇਨ) (ਮਿਸਾਲ ਲਈ, ADVIL® (ਐਡਵਿਲ)) ਤੁਹਾਡੇ ਖ਼ੂਨ ਵਹਿਣ ਦੇ ਖ਼ਤਰੇ ਨੂੰ ਵਧਾ ਸਕਦੀਆਂ ਹਨ।<br>Some medications such as ASA (e.g., ASPIRIN®) or ibuprofen (e.g., ADVIL®) may increase your risk of bleeding.<br>• ਆਪਣੇ ਡਾਕਟਰ ਵੱਲੋਂ ਦੱਸੀ ਹੋਈ ਕੋਈ ਵੀ ਦਵਾਈ ਲੈਣੀ ਬੰਦ ਨਾ ਕਰੋ (ਮਿਸਾਲ ਲਈ, **ਤੁਹਾਡੇ ਦਿਲ ਲਈ ASA**) I<br>Do not stop taking any medication that has been prescribed by your doctor (e.g., **ASA for your heart**).<br>• ਮਾਮੂਲੀ ਦਰਦ ਲਈ, ਪਹਿਲਾਂ ਐਸੀਟੋਮਾਈਨੋਫੇਨ (ਮਿਸਾਲ ਲਈ TYLENOL® (ਟਾਈਲੇਨੋਲ)) ਦੀ ਲੈ ਕੇ ਦੇਖੋ, ਪਰ ਕਦੇ-ਕਦਾਈਂ ibuprofen (ਇਬੂਪ੍ਰੋਫ਼ੇਨ) ਵੀ ਲਈ ਜਾ ਸਕਦੀ ਹੈ।<br>For minor pain, try acetaminophen (e.g., TYLENOL®) first, but occasional use of ibuprofen may be acceptable. |

ਮਾੜੇ ਪ੍ਰਭਾਵਾਂ ਨੂੰ ਹੇਠਾਂ ਉਸੇ ਤਰਤੀਬ ਵਿੱਚ ਸੂਚੀਬੱਧ ਕੀਤਾ ਗਿਆ ਹੈ ਜਿਸ ਤਰ੍ਹਾਂ ਉਹ ਹੋ ਸਕਦੇ ਹਨ। ਮਾੜੇ ਪ੍ਰਭਾਵਾਂ ਦੇ ਪ੍ਰਬੰਧਨ ਵਿੱਚ ਮਦਦ ਲਈ ਸੁਝਾਅ ਵੀ ਸ਼ਾਮਲ ਕੀਤੇ ਗਏ ਹਨ।
Side effects are listed in the following table in the order in which they may occur. Tips to help manage the side effects are included.

| ਮਾੜੇ ਪ੍ਰਭਾਵ<br>SIDE EFFECTS | ਪ੍ਰਬੰਧਨ<br>MANAGEMENT |
|---|---|
| **ਜੀਅ ਕੱਚਾ ਹੋਣਾ, ਉਲਟੀ ਆਉਣੀ** ਅਤੇ ਪੇਟ ਵਿੱਚ ਗੜਬੜ ਬਹੁਤ ਘੱਟ ਹੁੰਦੇ ਹਨ। ਦਵਾਈ ਦੀਆਂ ਦਿਨ ਵਿੱਚ 20 ਮਿਲੀਗ੍ਰਾਮ ਤੋਂ ਉੱਪਰ ਦੀਆਂ ਖ਼ੁਰਾਕਾਂ ਨਾਲ ਜੀਅ ਕੱਚਾ ਹੋਣਾ ਆਮ ਹੁੰਦਾ ਹੈ। ਜ਼ਿਆਦਾਤਰ ਲੋਕਾਂ ਦਾ ਮਾਮੂਲੀ ਤੌਰ 'ਤੇ ਜੀਅ ਕੱਚਾ ਹੁੰਦਾ ਹੈ ਜਾਂ ਬਿਲਕੁਲ ਨਹੀਂ ਹੁੰਦਾ।<br>**Nausea, vomiting** and abdominal discomfort may rarely occur. Nausea is more common with doses over 20 mg a day. Most people have little or no nausea. | ਜੀਅ ਕੱਚਾ ਹੋਣ ਤੋਂ ਬਚਾਅ ਲਈ ਕੀਮੋਥੈਰੇਪੀ ਟ੍ਰੀਟਮੈਂਟ ਤੋਂ ਪਹਿਲਾਂ ਅਤੇ/ਜਾਂ ਘਰ ਵਿੱਚ ਲੈਣ ਵਾਸਤੇ ਤੁਹਾਨੂੰ ਦਵਾਈਆਂ ਲਿਖ ਕੇ ਦਿੱਤੀਆਂ ਜਾ ਸਕਦੀਆਂ ਹਨ।<br>You may be given a prescription for antinausea drug(s) to take before your chemotherapy treatment and/or at home.<br>**ਜੀਅ ਕੱਚਾ ਹੋਣ 'ਤੇ ਇਲਾਜ ਕਰਨ ਦੀ ਬਜਾਏ ਇਸ ਦੀ ਰੋਕਥਾਮ ਕਰਨੀ ਸੌਖੀ ਹੁੰਦੀ ਹੈ,** ਇਸ ਲਈ ਨਿਰਦੇਸ਼ਾਂ ਦੀ ਧਿਆਨ ਨਾਲ ਪਾਲਣਾ ਕਰੋ।<br>**It is easier to prevent nausea than treat it once it has occurred**, so follow directions closely.<br>• ਕਾਫ਼ੀ ਸਾਰੇ ਤਰਲ ਪਦਾਰਥ ਪੀਓ।<br>Drink plenty of liquids.<br>• ਥੋੜ੍ਹੀ-ਥੋੜ੍ਹੀ ਦੇਰ ਬਾਅਦ ਕੁਝ ਖਾਂਦੇ-ਪੀਂਦੇ ਰਹੋ।<br>Eat and drink often in small amounts.<br>• *Food Choices to Help Control Nausea (ਫੂਡ ਚੋਇਸਿਜ਼ ਟੂ ਹੈਲਪ ਕੰਟਰੋਲ ਨੌਜ਼ੀਆ)* ਵਿੱਚ ਦਿੱਤੇ ਸੁਝਾਅ ਅਜ਼ਮਾਓ।<br>Try the ideas in *Food Choices to Help Control Nausea.** |
| Chlorambucil ਨਾਲ ਆਮ ਤੌਰ 'ਤੇ **ਵਾਲ** ਨਹੀਂ **ਝੜਦੇ।**<br>**Hair loss** does not usually occur with chlorambucil. | |

*** ਕਿਰਪਾ ਕਰਕੇ ਕਾਪੀ ਲਈ ਆਪਣੀ ਕੀਮੋਥੈਰੇਪੀ ਨਰਸ ਜਾਂ ਫ਼ਾਰਮਾਸਿਸਟ ਤੋਂ ਪੁੱਛੋ।**

***Please ask your chemotherapy nurse or pharmacist for a copy.**

**ਜੇ ਤੁਹਾਨੂੰ ਹੇਠ ਲਿਖੀਆਂ ਸਮੱਸਿਆਵਾਂ ਵਿੱਚੋਂ ਕੋਈ ਵੀ ਸਮੱਸਿਆ ਹੋਵੇ ਤਾਂ CHLORAMBUCIL ਲੈਣੀ ਬੰਦ ਕਰ ਦਿਓ ਅਤੇ ਆਪਣੇ ਡਾਕਟਰ ਨੂੰ ਮਿਲੋ ਜਾਂ ਤੁਰੰਤ ਐਮਰਜੰਸੀ ਮਦਦ ਲਵੋ:**
**STOP TAKING CHLORAMBUCIL AND SEE YOUR DOCTOR OR GET EMERGENCY HELP IMMEDIATELY IF YOU HAVE:**

- **ਇਨਫ਼ੈਕਸ਼ਨ** ਦੇ ਲੱਛਣ ਜਿਵੇਂ ਕਿ ਬੁਖ਼ਾਰ (ਮੂੰਹ ਵਾਲੇ ਥਰਮਾਮੀਟਰ ਰਾਹੀਂ 100°F ਜਾਂ 38°C ਤੋਂ ਵੱਧ), ਕਾਂਬੇ ਵਾਲੀ ਠੰਢ; ਗਲੇ ਵਿੱਚ ਤੀਬਰ ਦਰਦ, ਬਲਗਮ ਵਾਲੀ ਖੰਘ (ਗਾੜ੍ਹੇ ਜਾਂ ਹਰੇ ਰੰਗ ਦੇ ਥੁੱਕ ਨਾਲ ਖਾਂਸੀ ਕਰਨਾ), ਗੰਧਲਾ ਜਾਂ ਬਦਬੂਦਾਰ ਪਿਸ਼ਾਬ, ਚਮੜੀ 'ਤੇ ਤਕਲੀਫ਼ਦੇਹ, ਨਾਜ਼ੁਕ, ਜਾਂ ਸੁੱਜੇ ਹੋਏ ਲਾਲ ਰੰਗ ਦੇ ਜ਼ਖ਼ਮ ਜਾਂ ਫੋੜੇ।
  Signs of an **infection** such as fever (over 100°F or 38°C by an oral thermometer), shaking chills; cough, severe sore throat, productive cough (coughing up thick or green sputum; cloudy or foul smelling urine; painful, tender, or swollen red skin wounds or sores.
- **ਖ਼ੂਨ ਵਗਣ ਦੀਆਂ ਸਮੱਸਿਆਵਾਂ** ਦੇ ਲੱਛਣ ਜਿਵੇਂ ਕਿ ਕਾਲੀਆਂ ਜਾਂ ਕੋਲਤਾਰ ਵਰਗੀਆਂ ਟੱਟੀਆਂ; ਪਿਸ਼ਾਬ ਵਿੱਚ ਖ਼ੂਨ; ਚਮੜੀ 'ਤੇ ਸੂਈ ਦੇ ਨੋਕ ਵਰਗੇ ਲਾਲ ਨਿਸ਼ਾਨ; ਬਹੁਤ ਜ਼ਿਆਦਾ ਰਗੜਾਂ।
  Signs of **bleeding problems** such as black, tarry stools; blood in urine; pinpoint red spots on skin; extensive bruising.
- ਇਲਾਜ ਤੋਂ ਥੋੜ੍ਹਾ ਸਮਾਂ ਬਾਅਦ **ਐਲਰਜੀ ਦੀ ਪ੍ਰਤੀਕਿਰਿਆ** (ਕਦੇ ਹੀ) ਦੇ ਲੱਛਣ ਜਿਸ ਵਿੱਚ ਗੱਲ੍ਹਾਂ ਸੁਰਖ ਹੋਣੀਆਂ, ਬੁਖ਼ਾਰ, ਧੱਫੜ ਹੋਣੇ, ਖਾਜ ਹੋਣੀ ਸਿਰ ਚਕਰਾਉਣਾ, ਦਿਲ ਦੀ ਤੇਜ਼ ਧੜਕਨ, ਮੂੰਹ ਦੀ ਸੋਜਸ਼ ਜਾਂ ਸਾਹ ਦੀਆਂ ਸਮੱਸਿਆਵਾਂ ਸ਼ਾਮਲ ਹਨ।
  Signs of an **allergic reaction** (rare) soon after a treatment including flushing, fever, rash, itching, dizziness, fast heart beat, face swelling, or breathing problems.
- **ਦੌਰੇ ਪੈਣੇ** ਜਾਂ **ਬੇਹੋਸ਼ ਹੋ ਜਾਣਾ।**
  **Seizures** or **loss of consciousness**.
- **ਗੁਰਦੇ ਦੀਆਂ ਸਮੱਸਿਆਵਾਂ** ਦੇ ਲੱਛਣ ਜਿਵੇਂ ਕਿ ਖਾਂਸੀ, ਸਾਹ ਦਾ ਚੜ੍ਹਨਾ ਜਾਂ ਸਾਹ ਲੈਣ ਵਿੱਚ ਦਿੱਕਤ।
  Signs of **lung problems** such as cough, shortness of breath or difficulty in breathing.

**ਜੇ ਤੁਹਾਨੂੰ ਅੱਗੇ ਦਿੱਤਿਆਂ ਵਿੱਚੋਂ ਕੁਝ ਹੁੰਦਾ ਹੈ ਤਾਂ ਜਿੰਨੀ ਜਲਦੀ ਹੋ ਸਕੇ ਆਪਣੇ ਡਾਕਟਰ ਨੂੰ ਮਿਲੋ (ਦਫ਼ਤਰੀ ਸਮੇਂ ਦੌਰਾਨ):**
**SEE YOUR DOCTOR AS SOON AS POSSIBLE (DURING OFFICE HOURS) IF YOU HAVE:**

- ਜ਼ਿਆਦਾ ਪੱਕਿਆ **ਗਲਾ ਜਾਂ ਮੂੰਹ** ਜੋ ਅਰਾਮ ਨਾਲ ਨਿਗਲਣਾ ਮੁਸ਼ਕਿਲ ਬਣਾਉਂਦਾ ਹੈ।
  Increased **sore throat or mouth** that makes it difficult to swallow comfortably.
- **ਅਨੀਮੀਆ (ਖ਼ੂਨ ਦੀ ਕਮੀ)** ਦੇ ਲੱਛਣ ਜਿਵੇਂ ਕਿ ਅਸਧਾਰਣ ਥਕੇਵਾਂ ਜਾਂ ਕਮਜ਼ੋਰੀ।
  Signs of **anemia** such as unusual tiredness or weakness.
- **ਜਿਗਰ ਦੀਆਂ ਸਮੱਸਿਆਵਾਂ** ਦੇ ਲੱਛਣ ਜਿਵੇਂ ਕਿ ਅੱਖਾਂ ਜਾਂ ਚਮੜੀ ਦਾ ਪੀਲਾਪਣ, ਚਿੱਟੇ ਜਾਂ ਮਿੱਟੀ-ਰੰਗੀ ਟੱਟੀ।
  Signs of **liver problems** such as yellow eyes or skin, white or clay-coloured stools.
- ਪੈਰਾਂ ਜਾਂ ਹੱਥਾਂ ਵਿੱਚ **ਸੁੰਨ੍ਹਤਾ** ਜਾਂ **ਝੁਣਝੁਣੀ।**
  **Numbness** or **tingling** in feet or hands.
- ਚਮੜੀ ਦੇ **ਧੱਫੜ** ਜਾਂ **ਖਾਜ।**
  Skin **rash** or **itching.**
- ਗਠੀਏ ਦੇ ਲੱਛਣ ਜਿਵੇਂ ਕਿ ਜੋੜਾਂ ਦਾ ਦਰਦ।
  Signs of **gout** such as joint pain.
- ਤੀਬਰ **ਪੇਟ ਦਰਦ।**
  Severe **abdominal pain**.
- **ਮਸਾਨੇ ਦੀਆਂ ਸਮੱਸਿਆਵਾਂ** ਦੇ ਲੱਛਣ ਜਿਵੇਂ ਕਿ ਪਿਸ਼ਾਬ ਵਿੱਚ ਤਬਦੀਲੀਆਂ, ਤਕਲੀਫ਼ਦੇਹ ਜਲਨ ਦਾ ਅਹਿਸਾਸ, ਖ਼ੂਨ ਦੀ ਮੌਜੂਦਗੀ ਜਾਂ ਪੇਟ ਦਰਦ।
  Signs of **bladder problems** such as changes in urination, painful burning sensation, presence of blood, or abdominal pain.
- **ਨਿਗ੍ਹਾ ਵਿੱਚ ਤਬਦੀਲੀਆਂ।**
  Changes in **eyesight.**

**ਜੇ ਅੱਗੇ ਦਿੱਤਿਆਂ ਵਿੱਚੋਂ ਕੋਈ ਵੀ ਸਮੱਸਿਆ ਜਾਰੀ ਰਹਿੰਦੀ ਹੈ ਜਾਂ ਤੁਹਾਨੂੰ ਪਰੇਸ਼ਾਨ ਕਰਦੀ ਹੈ ਤਾਂ ਆਪਣੇ ਡਾਕਟਰ ਤੋਂ ਜਾਂਚ ਕਰਵਾਓ:**
**CHECK WITH YOUR DOCTOR IF ANY OF THE FOLLOWING CONTINUE OR BOTHER YOU:**

- ਜੀਅ ਕੱਚਾ ਹੋਣਾ, ਉਲਟੀ ਆਉਣੀ ਜਾਂ ਦਸਤ ਲੱਗਣੇ।
  Nausea, vomiting, or diarrhea.
- ਭੁੱਖ ਨਾ ਲੱਗਣੀ।
  Loss of appetite.
- ਅਸਾਨੀ ਨਾਲ ਰਗੜਾਂ ਲੱਗਣੀਆਂ ਜਾਂ ਥੋੜ੍ਹਾ ਜਿਹਾ ਖ਼ੂਨ ਵਗਣਾ।
  Easy bruising or minor bleeding.
- ਤੁਹਾਡੇ ਬੁੱਲਾਂ, ਜੀਭ, ਮੂੰਹ, ਜਾਂ ਗਲੇ ‘ਤੇ ਲਾਲੀ, ਸੋਜਿਸ਼, ਦਰਦ, ਜਾਂ ਜ਼ਖ਼ਮ।
  Redness, swelling, pain, or sores on your lips, tongue, mouth, or throat.
- ਬੇਹੱਦ ਥਕਾਵਟ।
  Severe fatigue.
- ਤੁਰਨ ਵਿੱਚ ਮੁਸ਼ਕਲ ਜਾਂ ਤਾਲਮੇਲ ਨਾ ਹੋਣਾ।
  Trouble walking or loss of coordination.
- ਸਪਸ਼ਟ ਤੌਰ ’ਤੇ ਅਤੇ ਤਰਕਸ਼ੀਲ ਢੰਗ ਨਾਲ ਸੋਚਣ ਵਿੱਚ ਦਿੱਕਤ।
  Difficulty thinking clearly and logically.

**ਹੋਰ ਸਮੱਸਿਆਵਾਂ ਬਾਰੇ ਆਪਣੇ ਡਾਕਟਰ ਨੂੰ ਸੂਚਿਤ ਕਰੋ**
**REPORT ADDITIONAL PROBLEMS TO YOUR DOCTOR**